# 98

# ਰਾਜਾ ਆ ਰਿਹਾ ਹੈ!

## ਰਸੂਲਾਂ ਦੇ ਕੰਮ 1:10, 11, ਇਕ ਨੇੜ ਝਾਤ

''ਰਾਜਾ ਆ ਰਿਹਾ ਹੈ!'' ਦੇ ਵਿਸ਼ੇ ਦੀ ਗੂੰਜ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਸੁਣਾਈ ਦਿੰਦੀ ਹੈ। ਪੁਰਾਣੇ ਨੇਮ ਵਿਚ ਵਿਚਾਰ ਸੀ ਕਿ ''ਰਾਜਾ ਆ ਰਿਹਾ ਹੈ!'' ਇੰਜੀਲ ਦੇ ਵਿਰਤਾਂਤਾਂ ਵਿਚ, ਸੰਦੇਸ਼ ਸੀ ਕਿ ''ਰਾਜਾ ਆ ਗਿਆ ਹੈ!'' ਨਵੇਂ ਨੇਮ ਦੇ ਬਾਕੀ ਹਿੱਸੇ ਵਿਚ ਵਿਸ਼ਾ ਹੈ ਕਿ ''ਰਾਜਾ ਫੇਰ ਆ ਰਿਹਾ ਹੈ!''[1]

### ਪੁਰਾਣਾ ਨੇਮ: "ਰਾਜਾ ਆ ਰਿਹਾ ਹੈ!"

#### ਉਮੀਦ ਜਾਂਦੀ ਰਹਿਣੀ

ਪੁਰਾਣੇ ਨੇਮ ਵਿਚ, ਮਨੁੱਖ ਦੇ ਪਾਪ ਕਰਨ ਦੇ ਬਾਅਦ, ਖ਼ੁਦਾ ਨੇ ਮੁਕਤੀਦਾਤੇ ਦੇ ਆਉਣ ਤੋਂ ਬਾਅਦ ਇਕ ਤੋਂ ਇਕ ਵਾਅਦੇ ਦਿੱਤੇ। ''ਪੁਰਾਣੇ ਨੇਮ ਵਿਚ ਮਨੁੱਖ ਨੂੰ ਬਚਾਉਣ ਲਈ ਆਉਣ ਦੀਆਂ ... ਮਸੀਹ ਦੀਆਂ ਤਕਰੀਬਨ 380 ਨਬੂਵਤਾਂ ਹਨ।''[2] ਸ਼ੁਰੂਆਤੀ ਵਾਅਦੇ *ਅੰਸ਼* ਦੇ ਵਾਅਦੇ ਸਨ (ਉਤਪਤ 3:15; 22:18)। ਪਰ ਅਖ਼ੀਰ ਵਿਚ ਖ਼ੁਦਾ ਨੇ ਦਸ ਦਿੱਤਾ ਕਿ ਇਸਰਾਏਲੀ ਲੋਕ ਹੀ ਉਹ ਕੌਮ ਸਨ ਜਿਨ੍ਹਾਂ ਦੇ ਰਾਹੀਂ ਮੁਕਤੀਦਾਤੇ ਨੇ ਆਉਣਾ ਸੀ। ਉਸ ਕੌਮ ਉੱਤੇ ਹਕੂਮਤ ਕਰਨ ਲਈ ਰਾਜੇ ਦੇ ਠਹਿਰਾਏ ਜਾਣ ਦੇ ਵਾਅਦੇ *ਰਾਜ ਦੇ* ਵਾਅਦੇ ਰਹਿੰਦੇ ਹਨ।

ਉਦਾਹਰਣ ਲਈ ਜ਼ਬੂਰ 2 ਨੂੰ ਯਹੂਦੀ ਲੋਕ ਇਕ ਮਹਾਨ ਰਾਜੇ ਦੇ ਆਉਣ ਨਾਲ ਸਬੰਧਿਤ ਮੰਨਦੇ ਸਨ।[3] ਆਇਤ 2 ਵਿਚ ਅਸੀਂ ਪੜ੍ਹਦੇ ਹਾਂ ਕਿ ''ਯਹੋਵਾਹ ਅਰ ਉਸਦੇ ਮਸੀਹ ਦੇ ਵਿਰੁਧ ਧਰਤੀ ਦੇ ਰਾਜੇ ਉੱਠ ਖੜੇ ਹੋਏ।'' ਅਨੁਵਾਦ ਹੋਇਆ ਸ਼ਬਦ ''ਮਸੀਹ'' ਇਬਰਾਨੀ ਵਿਚ ''ਮਸੀਹਾ'' ਹੈ ਜਦਕਿ ਇਸਦਾ ਯੂਨਾਨੀ ਸ਼ਬਦ ''ਖਰਿਸਤ'' ਹੈ। ਕਈ ਰੂਹਾਨੀ ਅਧਿਕਾਰੀਆਂ ਨੂੰ ਤੇਲ ਨਾਲ ਮਸਹ ਕੀਤਾ ਜਾਂਦਾ ਸੀ,[4] ਪਰ ਆਮ ਯਹੂਦੀ ''ਮਸਹ ਕੀਤਾ ਹੋਇਆ'' ਸ਼ਬਦ ਸੁਣ ਕੇ *ਰਾਜੇ* ਦਾ ਹੀ ਖ਼ਿਆਲ ਕਰਦਾ ਸੀ। ਇਸਰਾਏਲ ਦੇ ਪਹਿਲੇ ਰਾਜੇ ਸ਼ਾਊਲ ਬਾਦਸ਼ਾਹ ਨੇ ''ਯਹੋਵਾਹ ਵੱਲੋਂ ਮਸਹ ਹੋਇਆ'' ਦੇ ਰੂਪ ਵਿਚ ਜਾਣਿਆ ਜਾਂਦਾ ਸੀ (1 ਸਮੂਏਲ 24:6, 10; 26:9, 11, 16, 23)। ਜ਼ਬੂਰ 2 ਵਿਚ, ਮਸਹ ਕੀਤੇ ਹੋਏ ਦੇ ਸਬੰਧ ਵਿਚ, ਖ਼ੁਦਾ ਨੇ ਆਖਿਆ ਸੀ, ''ਤੂੰ ਮੇਰਾ ਪੁੱਤਰ ਹੈਂ, ਮੈਂ ਅਜ ਤੈਨੂੰ ਜਨਮ ਦੁਆਇਆ ਹੈ'' (ਆਇਤ 7)। ਇਕ ਰਾਜਾ ਆ ਰਿਹਾ ਸੀ!

ਫਿਰ ਦਾਨੀਏਲ 2:44 ਵਿਚ ਸਾਨੂੰ ਇਹ ਵਾਅਦਾ ਮਿਲਦਾ ਹੈ, ''ਉਨ੍ਹਾਂ ਰਾਜਿਆਂ ਦੇ ਦਿਨਾਂ *[ਰੋਮੀਆਂ ਹਕੂਮਤ]* ਵਿਚ ਅਕਾਸ਼ ਦਾ ਪਰਮੇਸ਼ੁਰ ਇਕ ਰਾਜ ਖੜਾ ਕਰੇਗਾ ਜਿਹੜਾ ਸਦਾ ਤੀਕ ਨੇਸਤ ਨਾ ਹੋਵੇਗਾ।'' ਇਨ੍ਹਾਂ ਅਤੇ ਹੋਰ ਵਾਅਦਿਆਂ ਨੇ ਇਸਰਾਏਲੀਆਂ ਨੂੰ ਅੰਧਕਾਰ ਦੇ ਕਈ ਦਿਨਾਂ ਅਤੇ ਰਾਤਾਂ ਵਿਚ ਕਾਇਮ ਰੱਖਿਆ ਸੀ। ਰਾਜਾ ਆਪਣਾ ਰਾਜ ਕਾਇਮ ਕਰਨ ਆ ਰਿਹਾ ਸੀ!

#### ਉਮੀਦ ਦਾ ਠੰਡਾ ਪੈਣਾ

ਵਕਤ ਬੀਤਣ ਅਤੇ ਰਾਜੇ ਦੇ ਪਰਗਟ ਨਾ ਹੋਣ ਤੇ ਇਸਰਾਏਲੀਆਂ ਦੀ ਉਮੀਦ ਠੰਡੀ ਪੈ ਗਈ।

ਲੈਂਡਰ ਸਾਉਂਡਰ ਨੇ ਮਸੀਹ ਦੇ ਸਮੇਂ ਤਕ ਉਨ੍ਹਾਂ ਹਾਲਾਤ ਦਾ ਵੇਰਵਾ ਦਿੱਤਾ ਸੀ:

> ਰੋਮ ਦੀ ਧੂੰਮ ਅਤੇ ਸ਼ਕਤੀ ਹਰ ਥਾਂ ਜ਼ਾਹਿਰ ਸੀ। ਫ਼ੌਜੀ ਟੁਕੜੀਆਂ ਉਨ੍ਹਾਂ ਦੀਆਂ ਗਲੀਆਂ ਵਿੱਚੋਂ ਦੀ ਕਦਮਤਾਲ ਕਰਦੀਆਂ, ਉਨ੍ਹਾਂ ਦੀਆਂ ਪਹਾੜੀਆਂ ਉੱਤੇ ਗਸ਼ਤ ਲਾਉਂਦੀਆਂ, ਪਵਿੱਤਰ ਹੈਕਲ ਨੂੰ ਉੱਪਰੋਂ ਵੇਖਦੀਆਂ, ਲਗਾਤਾਰ ਚਿੜਾਉਣ ਵਾਲੀ ਗੱਲ ਯਾਦ ਦੁਆਉਂਦੀਆਂ ਕਿ ਵਾਅਦਾ ਕੀਤਾ ਹੋਇਆ ਦੇਸ਼ ਇਕ ਕਾਫ਼ਰ ਹਕੂਮਤ ਦੇ ਕਬਜ਼ੇ ਵਿਚ ਸੀ।[5]

ਹੌਲੀ ਹੌਲੀ ਉਸ ਕੌਮ ਦਾ ਧਿਆਨ ਦੁਨਿਆਵੀ ਗੱਲਾਂ ਤੇ ਹੋ ਗਿਆ, ਇੱਥੋਂ ਤਕ ਕਿ ਉਨ੍ਹਾਂ ਦਾ ਵੀ ਜਿਹੜੇ ਧਾਰਮਿਕ ਹੋਣ ਦਾ ਦਾਅਵਾ ਕਰਦੇ ਸਨ। ਆਸ ਦੀ ਕਿਰਣ ਕੁਝ ਦਿਲਾਂ ਵਿਚ ਠੰਡੀ ਪੈ ਗਈ ਸੀ।

ਪਰ ਦੂਜਿਆਂ ਵਿਚ ਇਹ ਤੇਜ਼ੀ ਨਾਲ ਚਮਕਦੀ ਰਹੀ। ਉਦਾਹਰਣ ਲਈ ਜਦ ਯੂਸੁਫ ਅਤੇ ਮਰੀਅਮ ਨਵ ਜੰਮੇ ਯਿਸੂ ਨੂੰ ਹੈਕਲ ਵਿਚ ਲਿਆਏ ਸਨ ਤਾਂ ਉੱਥੇ ਸ਼ਮਊਨ ਨਾਂ ਦਾ ਇਕ ਬਜ਼ੁਰਗ ਵੀ ਸੀ ਜਿਹੜਾ ਵਰ੍ਹਿਆਂ ਤੋਂ ''ਇਸਰਾਏਲ ਦੀ ਤਸੱਲੀ ਦੀ ਉਡੀਕ ਵਿਚ ਸੀ'' (ਲੂਕਾ 2:25)। ਅਜਿਹੀ ਤਸੱਲੀ ਜਿਹੜੀ ਸਿਰਫ਼ ਉਹ ਰਾਜਾ ਹੀ ਲਿਆ ਸਕਦਾ ਸੀ। ਬਾਲ ਯਿਸੂ ਨੂੰ ਕੁੱਛੜ ਵਿਚ ਲੈ ਕੇ ਉਸ ਆਦਮੀ ਨੇ ਖ਼ੁਦਾ ਦਾ ਸ਼ੁਕਰ ਕੀਤਾ: ''ਹੇ ਮਾਲਕ, ਹੁਣ ਤੂੰ ਆਪਣੇ ਦਾਸ ਨੂੰ ਆਪਣੇ ਵਚਨ ਅਨੁਸਾਰ ਸ਼ਾਂਤੀ ਨਾਲ ਵਿਦਿਆ ਕਰਦਾ ਹੈਂ। ਕਿਉਂਕਿ ਮੇਰੀਆਂ ਅੱਖਾਂ ਨੇ ਤੇਰੀ ਮੁਰਤੀ ਡਿੱਠੀ'' (ਲੂਕਾ 2:29, 30)। ਕਈ ਵਾਰ ਇਹ ਸੇਕ ਅਚਾਨਕ ਕਿਸੇ ਨੁੱਕਰ ਵਿੱਚੋਂ ਨਿੱਕਲਦਾ ਸੀ। ਜਦ ਯਿਸੂ ਯਾਕੂਬ ਦੇ ਖੂਹ ਤੇ ਇਕ ਬਦਨਾਮ ਸਾਮਰੀ ਔਰਤ ਨਾਲ ਗੱਲਬਾਤ ਕੀਤੀ ਸੀ ਤਾਂ ਉਸ ਨੇ ਆਖਿਆ ਸੀ, ''ਮੈਂ ਜਾਣਦੀ ਹਾਂ ਜੋ ਮਸੀਹ ਆਉਂਦਾ ਹੈ ਜਿਹ ਨੂੰ ਖ੍ਰਿਸਟੁਸ ਕਰਕੇ ਸੱਦੀਦਾ ਹੈ। ਜਾਂ ਉਹ ਆਊਗਾ ਤਾਂ ਸਾਨੂੰ ਸੱਭੋ ਕੁਝ ਦੱਸੂ'' (ਯੂਹੰਨਾ 4:25)।

## ਇੰਜੀਲ ਦੇ ਵਿਰਤਾਂਤ: "ਰਾਜਾ ਆ ਗਿਆ ਹੈ !"

### ਉਮੀਦ ਤੇਜ਼

ਪਰ ਫਿਰ ਕੁਝ ਅਜਿਹਾ ਹੋਇਆ ਕਿ ਇਸਰਾਏਲ ਦੀ ਉਮੀਦ ਦੀ ਅੱਗ ਭੜਕ ਉੱਠੀ ਅਤੇ ਤੇਜ਼ੀ ਨਾਲ ਫੈਲਣ ਲੱਗ ਪਈ। ਯੂਹੰਨਾ ਨਾਂ ਦਾ ਇਕ ਸ਼ਖ਼ਸ ਯਹੂਦੀਆ ਦੀ ਉਜਾੜ ਵਿਚ ਪ੍ਰਚਾਰ ਕਰਨ ਲੱਗਾ: ''ਤੌਬਾ ਕਰੋ ਕਿਉਂਕਿ ਸੁਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 3:2)। ਦੂਜੇ ਸ਼ਬਦਾਂ ਵਿਚ, ਉਹ ਆਸ ਸੀ ਕਿ ''ਰਾਜਾ ਆ ਰਿਹਾ ਹੈ ਅਤੇ ਉਸ ਨੂੰ ਮਿਲਣ ਲਈ ਤਿਆਰ ਹੋ ਜਾਓ!'' ਲੋਕਾਂ ਨੇ ਯੂਹੰਨਾ ਤੋਂ ਪੁੱਛਿਆ, ''ਫਿਰ ਅਸੀਂ ਕੀ ਕਰੀਏ?'' (ਲੂਕਾ 3:10)। ਉਸ ਦਾ ਜਵਾਬ ਸੀ, ''ਜਿਹ ਦੇ ਕੋਲ ਦੋ ਕੁੜਤੇ ਹੋਣ ਉਹ ਉਸ ਨੂੰ ਵੰਡ ਦੇਵੇ ਜਿਹ ਦੇ ਕੋਲ ਨਹੀਂ ਹੈ ਅਤੇ ਜਿਹ ਦੇ ਕੋਲ ਖਾਣ ਨੂੰ ਹੋਵੇ ਉਹ ਵੀ ਇਸੇ ਤਰ੍ਹਾਂ ਕਰੇ'' (ਲੂਕਾ 3:11)। ਉਸ ਨੇ ਮਸੂਲ ਲੈਣ ਵਾਲਿਆਂ ਨੂੰ ਦੱਸਿਆ, ''ਤੁਹਾਡੇ ਲਈ ਜੋ ਠਹਿਰਾਇਆ ਹੋਇਆ ਹੈ ਉਸ ਨਾਲੋਂ ਵਧੀਕ ਨਾ ਲਓ'' (ਲੂਕਾ 3:13)। ਸਿਪਾਹੀਆਂ ਨੂੰ ਉਸਨੇ ਦੱਸਿਆ, ''ਨਾ ਕਿਸੇ ਉੱਤੇ ਜ਼ੁਲਮ ਕਰੋ, ਨਾ ਊਜ ਲਾ ਕੇ ਕੁਝ ਲਓ ਅਤੇ ਆਪਣੀ ਤਲਬ ਉੱਤੇ ਰਾਜ਼ੀ ਰਹੋ'' (ਲੂਕਾ 3:14)। ਆਉਣ ਵਾਲੇ ਰਾਜੇ ਦੀ ਉਮੀਦ ਨਾਲ ਯੂਹੰਨਾ ਦੇ ਸੁਣਨ ਵਾਲਿਆਂ ਦੀਆਂ ਜ਼ਿੰਦਗੀਆਂ ਦੇ ਹਾਂ ਪੱਖੀ ਅਸਰ ਹੋਇਆ!

ਉਹ ਰਾਜਾ ਜਿਸਦੀ ਚਿਰਾਂ ਤੋਂ ਉਡੀਕ ਸੀ, ਯਿਸੂ (ਮੱਤੀ 2:2; ਯੂਹੰਨਾ 1:49)। ਪਰ ਜਦ ਉਹ ਆਇਆ, ਤਾਂ ਉਸ ਦਾ ਜਨਮ ਮਹਿਲਾਂ ਵਿਚ ਨਹੀਂ ਹੋਇਆ, ਉਸ ਨੇ ਸ਼ਾਹੀ ਲਿਬਾਜ਼ ਨਹੀਂ ਪਾਏ ਅਤੇ ਨਾ ਹੀ ਉਸਦੇ ਕੋਲ ਉਸਦੀ ਤਾਕਤਵਰ ਫ਼ੌਜ ਸੀ।[6] ਇਨ੍ਹਾਂ ਸਭ ਗੱਲਾਂ ਨਾਲ ਕੁਝ ਲੋਕਾਂ ਨੂੰ ਸ਼ੱਕ

ਤਾਂ ਹੋਇਆ ਕਿ ਉਹ ਰਾਜਾ ਕਿਵੇਂ ਹੋ ਸਕਦਾ ਹੈ, ਪਰ ਆਪਣੇ ਰਾਜ ਨੂੰ ਕਾਇਮ ਕਰਨ ਦੀ ਗੱਲ ਉਸ ਦੇ ਮਨ ਅਤੇ ਜ਼ੁਬਾਨ ਦੋਹਾਂ ਵਿਚ ਰਹਿੰਦੀ ਸੀ। ਯੂਹੰਨਾ ਵਾਂਗ ਹੀ ਉਸ ਨੇ ਵੀ ਪ੍ਰਚਾਰ ਕੀਤਾ, ''ਤੌਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 4:17)। ਉਸਦੇ ਕਈ ਦ੍ਰਿਸ਼ਟਾਂਤ ''ਸੁਰਗ ਦਾ ਰਾਜ ... ਵਰਗਾ ਹੈ'' ਸ਼ਬਦਾਂ ਨਾਲ ਸ਼ੁਰੂ ਹੁੰਦੇ ਸਨ (ਮੱਤੀ 13:31, 33, 44, 45, 47, 52; 20:1)। ਉਸ ਨੇ ਪਤਰਸ ਨੂੰ ''ਸੁਰਗ ਦੇ ਰਾਜ ਦੀਆਂ ਕੁੰਜੀਆਂ'' ਦੇਣ ਦਾ ਵਾਅਦਾ ਕੀਤਾ (ਮੱਤੀ 16:19)। ਆਪਣੇ ਰਸੂਲਾਂ ਨੂੰ ਉਸ ਨੇ ਦੱਸਿਆ ਕਿ ਖ਼ੁਦਾ ਦਾ ਰਾਜ ''ਕੁਦਰਤ ਨਾਲ'' ਉਨ੍ਹਾਂ ਦੇ ਜਉਂਦੇ ਜੀ ਆਉਣਾ ਸੀ (ਮਰਕੁਸ 9:1)।

## ਉਮੀਦ ਠੰਡੀ ਪੈ ਗਈ

ਅਫ਼ਸੋਸ ਦੀ ਗੱਲ ਹੈ ਕਿ ਰਾਜੇ ਅਤੇ ਉਸ ਦੇ ਰਾਜ ਬਾਰੇ ਲੋਕਾਂ ਵਿਚ ਗਲਤ ਫ਼ਹਿਮੀ ਸੀ। ਉਹ ਇਕ ਦੁਨਿਆਵੀ ਰਾਜੇ ਦੀ ਰਾਹ ਤਕ ਰਹੇ ਸਨ ਜੋ ਕਿਸੇ ਸਿਆਸੀ ਰਾਜ ਉੱਤੇ ਹਕੂਮਤ ਕਰੇ ਅਤੇ ਉਨ੍ਹਾਂ ਦੇ ਦੁਸ਼ਮਣਾਂ ਨੂੰ ਹਰਾ ਦੇਵੇ। ਇਕ ਦਿਨ ਲੋਕਾਂ ਦੀ ਭੀੜ ਨੇ ਯਿਸੂ ਨੂੰ ਅਜਿਹਾ ਹੀ ਰਾਜਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਨੇ ਉਨ੍ਹਾਂ ਨੂੰ ਇਹਦੀ ਇਜਾਜ਼ਤ ਨਹੀਂ ਦਿੱਤੀ (ਯੂਹੰਨਾ 6:15)। ਬਾਅਦ ਵਿਚ ਇਕ ਐਤਵਾਰ ਵਾਲੇ ਦਿਨ, ਮਸੀਹ ਯਰੂਸ਼ਲਮ ਵਿਚ ਗਧੀ ਦੇ ਬੱਚੇ ਤੇ ਸਵਾਰ ਹੋ ਕੇ ਆਇਆ ਅਤੇ ਲੋਕ ਪੁਕਾਰ ਰਹੇ ਸਨ ''ਹੋਸੰਨਾ! ਮੁਬਾਰਕ ਉਹ ਜਿਹੜਾ ਪ੍ਰਭੂ ਦੇ ਨਾਮ ਉੱਤੇ ਆਉਂਦਾ ਹੈ! ਮੁਬਾਰਕ ਸਾਡੇ ਪਿਤਾ ਦਾਊਦ ਦਾ ਰਾਜ ਜਿਹੜਾ ਆਉਂਦਾ ਹੈ! ਪਰਮ ਧਾਮ ਵਿਚ ਹੋਸੰਨਾ!'' (ਮਰਕੁਸ 11:9, 10)। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਯਿਸੂ ਆਪਣਾ ਰਾਜ ਕਾਇਮ ਕਰੇਗਾ ਪਰ ਉਨ੍ਹਾਂ ਨੂੰ ਨਿਰਾਸ਼ਾ ਹੋਈ।

ਯਿਸੂ ਦੀਆਂ ਕੁਝ ਗੱਲਾਂ ਦਾ ਮਤਲਬ ਲੋਕਾਂ ਨੇ ਇਵੇਂ ਲਿਆ ਜਿਵੇਂ ਉਹ ਆਪਣੇ ਆਪ ਨੂੰ ਰਾਜਾ ਕਹਿ ਰਿਹਾ ਹੋਵੇ। ਉਸ ਨੇ ਕਿਹਾ, ''ਮੇਰੀ ਬਾਦਸ਼ਾਹੀ ਇਸ ਜਗਤ ਤੋਂ ਨਹੀਂ'' (ਯੂਹੰਨਾ 18:36ੳ)। ਉਸ ਨੇ ਮਰਨ ਲਈ ਸਲੀਬ ਤੇ ਚੜ੍ਹਾਏ ਜਾਣ ਦੀ ਗੱਲ ਕੀਤੀ (ਵੇਖੋ ਮੱਤੀ 16:21; 17:23; 20:19)। ਜਿਸ ਤੋਂ ਲਗਦਾ ਸੀ ਕਿ ਇਹ ਰਾਜਾ ਹੋਣ ਦੀ ਗੱਲ ਨਹੀਂ ਹੋ ਸਕਦੀ! ਉਸ ਨੇ ਇਸ ਦੁਨੀਆਂ ਨੂੰ *ਛੱਡ ਕੇ* ਜਾਣ ਦੀ ਗੱਲ ਕੀਤੀ (ਵੇਖੋ ਯੂਹੰਨਾ 16:28)।

ਪਰ ਉਸ ਨੇ *ਫੇਰ ਆਉਣ* ਦੀ ਗੱਲ ਵੀ ਕੀਤੀ।[7] ਇਸ ਪਾਠ ਦੇ ਸੰਦੇਸ਼ ਦਾ ਇਹੀ ਸਾਰ ਹੈ। ਮੱਤੀ 24 ਅਤੇ 25 ਵਿਚ ਉਸ ਦੇ ਵਿਸਤਾਰ ਸਹਿਤ ਸੰਦੇਸ਼ ਵਿਚ ਸਾਨੂੰ ਇਹ ਸ਼ਬਦ ਮਿਲਦੇ ਹਨ:

> ਪਰ ਜਿਸ ਤਰ੍ਹਾਂ ਨੂਹ ਦੇ ਦਿਨ ਸਨ *ਮਨੁੱਖ ਦੇ ਪੁੱਤਰ ਦਾ ਆਉਣਾ* ਉਸੇ ਤਰ੍ਹਾਂ ਹੋਵੇਗਾ ਕਿਉਂਕਿ ਜਿਸ ਤਰ੍ਹਾਂ ਪਰਲੋ ਤੋਂ ਅੱਗੇ ਦੇ ਦਿਨਾਂ ਵਿਚ ਲੋਕ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਕਰਾਉਂਦੇ ਸਨ ਉਸ ਦਿਨ ਤੀਕਰ ਕਿ ਨੂਹ ਕਿਸ਼ਤੀ ਉੱਤੇ ਚੜ੍ਹਿਆ। ਅਤੇ ਉਹ ਨਹੀਂ ਜਾਣਦੇ ਸਨ ਜਦ ਤਾਈਂ ਪਰਲੋ ਨਾ ਆਈ ਅਤੇ ਸਭਨਾਂ ਨੂੰ ਰੁੜ੍ਹਾ ਕੇ ਲੈ ਨਾ ਗਈ ਇਸੇ ਤਰ੍ਹਾਂ ਮਨੁੱਖ ਦੇ ਪੁੱਤਰ ਦਾ *ਆਉਣਾ* ਹੋਵੇਗਾ। (24:37–39;)।
>
> ''ਸੋ ਜਾਗਦੇ ਰਹੋ ਕਿਉਂਕਿ ਤੁਸੀਂ ਨਹੀਂ ਜਾਣਦੇ ਜੋ ਤੁਹਾਡਾ ਪ੍ਰਭੂ ਕਿਹੜੇ ਦਿਨ ਆਉਂਦਾ ਹੈ'' (24:42)।
>
> ''ਜਦ *ਮਨੁੱਖ ਦਾ ਪੁੱਤਰ* ਆਪਣੇ ਤੇਜ ਨਾਲ ਸਾਰੇ ਦੂਤਾਂ ਸਣੇ *ਆਵੇਗਾ* ਤਦ ਉਹ ਆਪਣੇ ਤੇਜ ਦੇ ਸਿੰਘਾਸਣ ਉੱਤੇ ਬੈਠੇਗਾ। ਅਰ ਸਭ ਕੌਮਾਂ ਉਹ ਦੇ ਅੱਗੇ ਇਕੱਠੀਆਂ ਕੀਤੀਆਂ ਜਾਣਗੀਆਂ ਅਰ ਜਿਸ ਤਰਾਂ ਅਯਾਲੀ ਭੇਡਾਂ ਨੂੰ ਬੱਕਰੀਆਂ ਵਿੱਚੋਂ ਵੱਖਰਿਆਂ ਕਰਦਾ ਹੈ ਓਸੇ

> ਤਰ੍ਹਾਂ ਉਹ ਉਨ੍ਹਾਂ ਨੂੰ ਇਕ ਦੂਏ ਤੋਂ ਵੱਖਰਾ ਕਰੇਗਾ। ਅਤੇ ਉਹ ਭੇਡਾਂ ਨੂੰ ਆਪਣੇ ਸੱਜੇ ਪਾਸੇ ਅਰ ਬੱਕਰੀਆਂ ਨੂੰ ਖੱਬੇ ਪਾਸੇ ਖੜਿਆਂ ਕਰੇਗਾ। ... ਅਤੇ ਏਹ ਸਦੀਪਕ ਸਜ਼ਾ ਵਿਚ ਜਾਣਗੇ ਪਰ ਧਰਮੀ ਸਦੀਪਕ ਜੀਉਣ ਵਿੱਚ'' (ਮੱਤੀ 25:31–46;)।

ਚੁਬਾਰੇ ਵਾਲੇ ਕਮਰੇ ਵਿਚ ਯਿਸੂ ਦੇ ਅਦੁੱਤੀ ਵਿਦਾਈ ਸੰਦੇਸ਼ ਵਿਚ, ਉਸ ਨੇ ਆਪਣੇ ਰਸੂਲਾਂ ਨੂੰ ਦੱਸਿਆ:

> ਤੁਹਾਡਾ ਦਿਲ ਨਾ ਘਬਰਾਵੇ। ਪਰਮੇਸ਼ੁਰ ਉੱਤੇ ਨਿਹਚਾ ਕਰੋ ਅਰ ਮੇਰੇ ਉੱਤੇ ਵੀ ਨਿਹਚਾ ਕਰੋ। ਮੇਰੇ ਪਿਤਾ ਦੇ ਘਰ ਵਿਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਕਿਉਂ ਜੋ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ। ਅਰ ਜੇ ਮੈਂ ਜਾ ਕੇ ਤੁਹਾਡੇ ਲਈ ਜਗ੍ਹਾ ਤਿਆਰ ਕਰਾਂ ਤਾਂ *ਫੇਰ ਆਣ ਕੇ* ਤੁਹਾਨੂੰ ਆਪਣੇ ਕੋਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ। (ਯੂਹੰਨਾ 14:1–3)।

ਪਰ ਮਸੀਹ ਤੋਂ ਇਨ੍ਹਾਂ ਸ਼ਬਦਾਂ ਦੇ ਕਹਿਣ ਦੀ ਅਗਲੀ ਸੁਣੋ, ਉਸ ਨੂੰ ਇਕ ਰੋਮੀ ਸਲੀਬ ਉੱਤੇ ਚੜ੍ਹਾ ਦਿੱਤਾ ਗਿਆ ਅਤੇ ਉਸ ਦੇ ਚੇਲਿਆਂ ਦੇ ਖ਼ਾਬ ਅਤੇ ਆਸਾਂ ਮਿੱਟੀ ਵਿਚ ਮਿਲ ਗਏ।

## ਰਸੂਲਾਂ ਦੇ ਕੰਮ ਅਤੇ ਪੱਤਰੀਆਂ: "ਰਾਜਾ ਫੇਰ ਆ ਰਿਹਾ ਹੈ !"

### ਉਮੀਦ ਤੇਜ

ਯਿਸੂ ਦੇ ਮੁਰਦਿਆਂ ਵਿੱਚੋਂ ਤੀਜੇ ਦਿਨ ਜੀ ਉੱਠਣ ਨਾਲ ਉਮੀਦ ਫੇਰ ਤੋਂ ਜਾਗ ਗਈ ਸੀ। ਫਿਰ ਉਹ ਸੁਰਗ ਵਿਚ ਆਪਣੀ ਵਾਪਸੀ ਲਈ ਚੇਲਿਆਂ ਨੂੰ ਚਾਲੀ ਦਿਨਾਂ ਤਕ ਉਨ੍ਹਾਂ ਦੇ ਨਾਲ ਰਿਹਾ। ਅਖ਼ੀਰ ਵਿਚ ਉਸ ਦੇ ਜਾਣ ਦਾ ਵੇਲਾ ਆ ਗਿਆ। ਉਹ ਉਨ੍ਹਾਂ ਨੂੰ ਜੈਤੂਨ ਪਹਾੜ ਦੀ ਪੂਰਵੀ ਢਲਾਣ ਤੇ ਇਕ ਥਾਂ ਲੈ ਗਿਆ ਜਿੱਥੋਂ ਆਪਣੇ ਹੱਥ ਚੁੱਕ ਕੇ ਉਸ ਨੇ ਉਨ੍ਹਾਂ ਨੂੰ ਬਰਕਤ ਦਿੱਤੀ ਅਤੇ ਅਸਮਾਨ ਤੇ ਉਠਾ ਲਿਆ ਗਿਆ। ਰਸੂਲ ਜਦ ''ਅਕਾਸ਼ ਦੀ ਵੱਲ ਤੱਕ ਰਹੇ ਸਨ ਵੇਖੋ ਦੋ ਜਣੇ ਚਿੱਟਾ ਪਹਰਾਵਾ ਪਹਿਨੀ ਉਨ੍ਹਾਂ ਦੇ ਕੋਲ ਖਲੋਤੇ ਸਨ'' (ਰਸੂਲਾਂ ਦੇ ਕੰਮ 1:10)। ਉਨ੍ਹਾਂ ਫਰਿਸ਼ਤਿਆਂ ਨੇ ਆਖਿਆ, ''ਹੇ ਗਲੀਲੀ ਪੁਰਖੋ, ਤੁਸੀਂ ਕਿਉਂ ਖੜੇ ਅਕਾਸ਼ ਦੀ ਵੱਲ ਵੇਖਦੇ ਹੋ? ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ਼ ਉੱਪਰ ਉਠਾ ਲਿਆ ਗਿਆ ਓਸੇ ਤਰ੍ਹਾਂ ਆਵੇਗਾ'' (ਰਸੂਲਾਂ ਦੇ ਕੰਮ 1:11)। ਮਸੀਹ ਦੇ ਚੇਲਿਆਂ ਲਈ ਇਕ ਸੰਦੇਸ਼ ਸੀ ਕਿ ''ਰਾਜਾ ਫੇਰ ਆ ਰਿਹਾ ਹੈ!''

ਜਿਵੇਂ ਇਸਰਾਏਲੀਆਂ ਨੂੰ ''ਰਾਜਾ ਆ ਰਿਹਾ ਹੈ!'' ਦੀ ਦਲੇਰੀ ਨਾਲ ਹੱਲਾਸ਼ੇਰੀ ਮਿਲਦੀ ਸੀ ਉਵੇਂ ਹੀ ਇਹ ਵਿਚਾਰ ਕਿ ''ਰਾਜਾ ਫੇਰ ਆ ਰਿਹਾ ਹੈ!'' ਪਹਿਲੀ ਸਦੀ ਦੇ ਮਸੀਹੀ ਲੋਕਾਂ ਨੂੰ ਦਲੇਰ ਕਰਦਾ ਸੀ। ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕ ਇਸ ਵਿਸ਼ੇ ਵੱਲ ਸੰਕੇਤ ਕਰਦੇ ਹਨ। ਇਕ ਲੇਖਕ ਦੇ ਅਨੁਸਾਰ ਨਵੇਂ ਨੇਮ ਦੀਆਂ ਘੱਟੋ ਘੱਟ 370 ਆਇਤਾਂ ਮਨੁੱਖਾਂ ਦਾ ਨਿਆਂ ਕਰਨ ਲਈ ਉਸ ਦੀ ਦੂਜੀ ਆਮਦ ਬਾਰੇ ਹਨ। ਨਵੇਂ ਨੇਮ ਦੀਆਂ 7,959 ਆਇਤਾਂ ਵਿੱਚੋਂ ਹਰ 25 ਆਇਤ ਮਸੀਹ ਦੀ ਵਾਪਸੀ ਦੇ ਵਿਸ਼ੇ ਨੂੰ ਛੂਹੰਦੀ ਹੈ। ਇਹ ਸਿੱਖਿਆ ਨਵੇਂ ਨੇਮ ਦੀਆਂ 27 ਵਿੱਚੋਂ 23 ਕਿਤਾਬਾਂ ਵਿਚ ਹੈ।[8] ਇਸ ਵਿਸ਼ੇ ਨਾਲ ਜੁੜੀਆਂ ਆਇਤਾਂ ਕੁਝ ਇਸ ਤਰ੍ਹਾਂ ਹਨ। ਪੌਲੁਸ ਨੇ ਲਿਖਿਆ:

> ਕਿਉਂਕਿ ਜੋ ਅਸੀਂ ਸਵਰਗ ਦੀ ਪਰਜਾ ਹਾਂ ਜਿੱਥੋਂ ਅਸੀਂ ਇਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ। ਜਿਹੜਾ ਆਪਣੀ ਸ਼ਕਤੀ ਦੇ ਅਨੁਸਾਰ ਜਿਹ ਦੇ ਨਾਲ ਉਹ ਸਭਨਾਂ ਵਸਤਾਂ ਨੂੰ ਆਪਣੇ ਵੱਸ ਵਿਚ ਕਰ ਸੱਕਦਾ ਹੈ ਸਾਡੀ ਦੀਨਤਾ ਨੂੰ ਆਪਣੇ

ਵੱਸ ਵਿਚ ਕਰ ਸਕਦਾ ਹੈ ਸਾਡੀ ਦੀਨਤਾ ਦੇ ਸਰੀਰ ਨੂੰ ਵਟਾ ਕੇ ਆਪਣੇ ਤੇਜ ਦੇ ਸਰੀਰ ਦੀ ਨਿਆਈਂ ਬਣਾਵੇਗਾ (ਫ਼ਿਲਿੱਪੀਆਂ 3:20, 21)।

ਰਾਜੇ ਦੇ ਵਾਪਸ ਆਉਣ ਤੇ, ਕਮਜ਼ੋਰੀਆਂ ਨਾਲ ਵੀ ਇਹ ਘਿਸੀ ਪਿਟੀ ਦੇਹ ਇਕ ਨਵੀਂ ਦੇਹ ਵਿਚ ਬਦਲ ਜਾਵੇਗੀ। ਸਾਨੂੰ ਆਤਮਿਕ ਦੇਹਾਂ ਦਿੱਤੀਆਂ ਜਾਣਗੀਆਂ। ਜੋ ''ਉਸ ਦੇ ਤੇਜ ਦੇ ਸਰੀਰ'' ਨਾਲ ਮਿਲਦੀਆਂ ਜੁਲਦੀਆਂ ਹੋਣਗੀਆਂ!

ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ ਪੌਲੁਸ ਨੇ ਕਿਹਾ ਸੀ:

ਅਸੀਂ ਪ੍ਰਭੂ ਦੇ ਵਚਨ ਦੇ ਅਨੁਸਾਰ ਤੁਹਾਨੂੰ ਇਹ ਆਖਦੇ ਹਾਂ ਭਈ ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ ਸੋ ਓਨ੍ਹਾਂ ਤੋਂ ਜਿਹੜੇ ਸੌਂ ਗਏ ਹਨ ਕਦੀ ਅਗੇਤਰੇ ਨਾ ਹੋਵਾਂਗੇ। ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ੁਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ ਅਤੇ ਜਿਹੜੇ ਮਸੀਹ ਵਿਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ।[9] ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਨ੍ਹਾਂ ਦੇ ਨਾਲ ਹੀ ਹਵਾ ਵਿਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਹੈ ਉੱਤੇ ਅਚਾਣਕ ਉਠਾਏ ਜਾਵਾਂਗੇ ਅਤੇ ਇਸੇ ਤਰ੍ਹਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ (1 ਥੱਸਲੁਨੀਕੀਆਂ 4:15–17)।

ਆਉਣ ਵਾਲੇ ਦਿਨਾਂ ਵਿਚ ਥੱਸਲੁਨੀਕੇ ਦੇ ਮਸੀਹੀ ਲੋਕਾਂ ਨੇ ਕਈ ਪਿਆਰਿਆਂ ਨੂੰ ਅਰਾਮ ਲਈ ਧਰਤੀ ਵਿਚ ਲਿਟਾਉਣਾ ਸੀ। ਪੌਲੁਸ ਨੇ ਉਨ੍ਹਾਂ ਨੂੰ ਫ਼ਿਕਰ ਨਾ ਕਰਨ ਲਈ ਕਿਹਾ। ਉਸ ਨੇ ਸਮਝਾਇਆ ਕਿ ਧਰਮੀ ਲੋਕ ਰਾਜੇ ਦੇ ਵਾਪਸ ਆਉਣ ਤੇ ਆਪਣਾ ਇਨਾਮ ਨਹੀਂ ਗੁਆਉਣਗੇ, ਭਾਵ ਉਹ ਜੀ ਉੱਠਣਗੇ। ਉਸ ਨੇ ਕਿਹਾ, ''ਸੋ ਤੁਸੀਂ ਇਨ੍ਹਾਂ ਗੱਲਾਂ ਨਾਲ ਇਕ ਦੂਏ ਨੂੰ ਤਸੱਲੀ ਦਿਓ'' (1 ਥੱਸਲੁਨੀਕੀਆਂ 4:18)।

ਯੂਹੰਨਾ ਨੇ ਆਉਣ ਵਾਲੇ ਰਾਜੇ ਦੇ ਵਿਸ਼ੇ ਨੂੰ ਸੁਣਾਇਆ, ''ਅਤੇ ਹੁਣ ਹੇ ਬੱਚਿਓ, ਤੁਸੀਂ ਉਹ ਦੇ ਵਿਚ ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ'' (1 ਯੂਹੰਨਾ 2:28)। ਰਾਜੇ ਦੇ ਆਉਣ ਤੇ ਜੇ ਅਸੀਂ ਤਿਆਰ ਹੋਵਾਂਗੇ ਤਾਂ ਅਸੀਂ ਆਤਮ ਵਿਸ਼ਵਾਸ ਨਾਲ ਭਰੇ ਹੋਏ ਹੋਵਾਂਗੇ, ਜੇ ਨਹੀਂ ਤਾਂ ਅਸੀਂ ਸ਼ਰਮਿੰਦਾ ਹੋਵਾਂਗੇ, 1 ਯੂਹੰਨਾ 3:2 ਕਹਿੰਦਾ ਹੈ, ''ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ।''

ਹੋਰ ਵੀ ਹਵਾਲੇ ਦਿੱਤੇ ਜਾ ਸਕਦੇ ਹਨ, ਪਰ ਇਹ ਵਿਖਾਉਣ ਲਈ ਕਿ ਮਸੀਹ ਦਾ ਵਾਪਸ ਆਉਣਾ ਬਾਰ ਬਾਰ ਆਉਣ ਵਾਲਾ ਵਿਸ਼ਾ ਹੈ ਇਹੀ ਕਾਫ਼ੀ ਹਨ। ਆਓ ਹੁਣ ਨਵੇਂ ਨੇਮ ਦੇ ਅਖ਼ੀਰ ਵੱਲ ਚੱਲਦੇ ਹਾਂ। ਇੱਥੇ ਯਿਸੂ ਦਾ ਆਖ਼ਰੀ ਵਾਅਦਾ ਹੈ: ''ਵੇਖ, ਮੈਂ ਛੇਤੀ ਆਉਂਦਾ ਹਾਂ ਅਤੇ ਫਲ ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ ਜਿਹਾ ਜਿਸ ਦਾ ਕੰਮ ਹੈ ਤਿਹਾ ਉਹ ਨੂੰ ਬਦਲਾ ਦਿਆਂ'' (ਪ੍ਰਕਾਸ਼ ਦੀ ਪੋਥੀ 22:12)। ''ਮੈਂ ਛੇਤੀ ਆਉਂਦਾ ਹਾਂ'' ਸ਼ਬਦ ਕਈਆਂ ਨੂੰ ਅਜੀਬ ਲੱਗਣਗੇ, ਕਿਉਂਕਿ ਸਦੀਆਂ ਲੰਘ ਗਈਆਂ ਹਨ ਪਰ ਪ੍ਰਭੂ ਅਜੇ ਤਕ ਵਾਪਸ ਨਹੀਂ ਆਇਆ ਹੈ।[10] ਬਿਲ ਬੇਨੋਵਸਕੀ ਨੇ ਸੁਝਾਅ ਦਿੱਤਾ ਹੈ:

ਬਾਈਬਲ ਦੀਆਂ ਆਖ਼ਰੀ ਆਇਤਾਂ ਵਿਚ ''ਛੇਤੀ'' ਸ਼ਬਦ ਨੂੰ ਧਰਤੀ ਉਤਲੀ ਜ਼ਿੰਦਗੀ ਦੇ ਨਿਸਚਿਤ ਨਜ਼ਰੀਏ ਨਾਲ ਨਹੀਂ ਬਲਕਿ ਖ਼ੁਦਾ ਦੀ ਉਮਰ ਰਹਿਤ ਜ਼ਿੰਦਗੀ ਨਾਲ ਵੇਖਣਾ

ਚਾਹੀਦਾ ਹੈ। ਦੋ ਹਜ਼ਾਰਾਂ ਸਾਲਾਂ ਦਾ ਸਾਡਾ ਹਿਸਾਬ ਆਇਆ ਅਤੇ ਚਲਿਆ ਗਿਆ ਹੈ। ਪਰ ਉਸ ਦੇ ਲਈ ਇਕ ਹਜ਼ਾਰ ਸਾਲ ਸਿਰਫ਼ ਇਕ ਦਿਨ ਹੀ ਹੈ। ਖ਼ੁਦਾ ਘੜੀ ਨਹੀਂ ਬੰਨ੍ਹਦਾ।[11]

ਬੇਨੋਵਸਕੀ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਯਿਸੂ ਦੇ ਸ਼ਬਦ ਇਹ ਵਿਚਾਰ ਕਰਨ ਦੇ ਮਕਸਦ ਨਾਲ ਨਹੀਂ ਸਨ ਕਿ ਉਸ ਦਾ ਆਉਣਾ ''ਫ਼ੌਰਨ'' ਹੋਵੇਗਾ। ਬਲਕਿ ਇਸ ਮਕਸਦ ਨਾਲ ਸਨ ਕਿ ਇਹ ''ਨੇੜੇ'' ਹੈ।[12] ''ਨੇੜੇ'' ਤੋਂ ਭਾਵ ਹੈ ਕਿ *ਇਹ ਕਿਸੇ ਵੀ ਪਲ ਹੋ ਸਕਦਾ ਹੈ।* ਮੁੱਢਲੇ ਮਸੀਹੀ ਲੋਕ ਇਸ ਨੂੰ ਸੱਚ ਮੰਨਦੇ ਸਨ ਅਤੇ ਸਾਨੂੰ ਵੀ ਇਸ ਉੱਤੇ ਯਕੀਨ ਕਰਨ ਲੋੜ ਹੈ। ਬਾਈਬਲ ਦੀ ਆਖ਼ਰੀ ਤੋਂ ਪਹਿਲੀ ਆਇਤ ਵਿਚ ਯੂਹੰਨਾ ਨੇ ਯਿਸੂ ਦਾ ਵਾਅਦਾ ਦੁਹਰਾਇਆ, ''ਹਾਂ, ਮੈਂ ਛੇਤੀ ਆਉਂਦਾ ਹਾਂ'' (ਪ੍ਰਕਾਸ਼ ਦੀ ਪੋਥੀ 22:20ੳ)। ਫਿਰ ਰਸੂਲ ਨੇ ਆਖਿਆ, ''ਆਮੀਨ। ਹੇ ਪ੍ਰਭੂ ਯਿਸੂ, ਆਓ'' (ਪ੍ਰਕਾਸ਼ ਦੀ ਪੋਥੀ 22:20ਅ)।

ਨਵੇਂ ਨੇਮ ਦੇ ਲੇਖਕ ਸਮਝਾਉਂਦੇ ਸਨ ਕਿ ਰਾਜੇ ਦਾ ਆਉਣਾ ਸਭ ਦੇ ਸਾਹਮਣੇ,[13] ਸਭ ਨੂੰ ਸੁਣਾਈ ਦੇਣ, ਬਿਨਾਂ ਕਿਸੇ ਚਿਤਾਵਨੀ ਦੇ[14] ਸ਼ਕਤੀ ਅਤੇ ਤੇਜ ਨਾਲ ਹੋਵੇਗਾ। ਉਹ ਦੱਸਦੇ ਸਨ ਕਿ ਉਹ ਮੁਰਦਿਆਂ ਨੂੰ ਜ਼ਿੰਦਾ ਕਰਨ, ਸਭ ਲੋਕਾਂ ਦਾ ਨਿਆਂ ਕਰਨ ਅਤੇ ਇਨਾਮ ਅਤੇ ਸਜ਼ਾ ਦੇਣ ਲਈ ਆਵੇਗਾ।[15] ਅਨਿਆ ਨਾਲ ਪੂਰੇ ਸੰਸਾਰ ਵਿਚ, ਉਹ ਇਹ ਸੰਦੇਸ਼ ਦੇ ਰਹੇ ਸਨ ਕਿ ਰਾਜਾ ਸਭ ਕੁਝ ਠੀਕ ਕਰਨ ਲਈ ਆਵੇਗਾ!

ਰਾਜੇ ਦੇ *ਪਹਿਲੀ* ਵਾਰ ਆਉਣ ਦੀ ਉਮੀਦ ਨਾਲ ਇਸਰਾਏਲੀਆਂ ਦੀ ਜ਼ਿੰਦਗੀ ਵਿਚ ਅਸਰ ਹੋਇਆ ਸੀ। ਇਸੇ ਤਰ੍ਹਾਂ, *ਦੂਜੀ* ਵਾਰ ਆਉਣ ਦੀ ਉਮੀਦ ਨਾਲ ਪਹਿਲੀ ਸਦੀ ਦੇ ਮਸੀਹੀ ਲੋਕਾਂ ਉੱਤੇ ਅਸਰ ਹੋਇਆ:

- ਇਸ ਨਾਲ ਉਹ *ਬਦਲ ਗਏ।* ਇਸ ਨਾਲ ਉਨ੍ਹਾਂ ਦੇ ਨਜ਼ਰੀਏ ਬਦਲ ਗਏ। ਉਨ੍ਹਾਂ ਨੇ ਆਪਣੀ ਸੋਚ ਦੇ ਕੇਂਦਰ ''ਰਾਜਾ ਫੇਰ ਆ ਰਿਹਾ ਹੈ!'' ਦੇ ਤੱਥ ਨਾਲ ਜ਼ਿੰਦਗੀ ਨੂੰ ਫ਼ਰਕ ਢੰਗ ਨਾਲ ਵੇਖਿਆ।
- *ਇਸ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ।* ਦੂਜੀ ਆਮਦ ਦੀ ਗੱਲ ਕਰਦੇ ਹੋਏ ਪਤਰਸ ਨੇ ਲਿਖਿਆ:

> ਪਰੰਤੂ ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਹ ਵਿਚ ਹਨ ਜਲ ਬਲ ਜਾਵੇਗੀ।
>
> ਜਦੋਂ ਇਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ ਤਾਂ ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਅਤੇ ਭਗਤੀ ਵਿਚ ਕੇਹੋ ਜੇਹੇ ਹੋਣਾ ਚਾਹੀਦਾ ਹੈ? ਅਤੇ ਪਰਮੇਸ਼ੁਰ ਦੇ ਉਸ ਦਿਨ ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ ਰਹੋ ... (2 ਪਤਰਸ 3:10–12)।

ਇਸੇ ਕਰਕੇ ਜਦ ਯੂਹੰਨਾ ਨੇ ਯਹੂਦੀਆ ਨੂੰ ਦੱਸਿਆ ਕਿ ''ਰਾਜਾ ਆ ਰਿਹਾ ਹੈ!'' ਤਾਂ ਉਨ੍ਹਾਂ ਨੇ ਤੌਬਾ ਕੀਤੀ ਅਤੇ ਆਪਣੀਆਂ ਜ਼ਿੰਦਗੀ ਬਦਲ ਲਈਆਂ। ਪਤਰਸ ਨੇ ਕਿਹਾ ਕਿ ਇਹ ਹਕੀਕਤ ਹੈ ਕਿ ''ਰਾਜਾ ਫੇਰ ਆ ਰਿਹਾ ਹੈ!'' ਸਾਡੀਆਂ ਜ਼ਿੰਦਗੀ ਨੂੰ ਵੀ ਬਦਲਣ ਵਾਲੀ ਹੋਣੀ ਚਾਹੀਦੀ ਹੈ। ਜੇ ਤੁਹਾਡੇ ਘਰ ਖਾਣੇ ਤੇ ਅਮਰੀਕਾ ਦੇ ਰਾਸ਼ਟਰਪਤੀ[16] ਨੇ ਆਉਣਾ ਹੋਵੇ ਤਾਂ ਤੁਸੀਂ ਕੀ ਕਰੋਗੇ? ਕੀ ਤੁਸੀਂ ਆਪਣੇ ਆਪ ਨਾਲ ਗੱਲਾਂ ਕਰਦੇ ਹੋਏ

ਨਹੀਂ ਪੁੱਛੋਗੇ, ''ਕੀ ਬਣਾਵਾਂ? ਕੀ ਪਾਵਾਂ? ਆਪਣੇ ਘਰ ਦੀ ਸਜਾਵਟ ਵਿਚ ਕੀ ਬਦਲਾਅ ਕਰਾਂ ਜਿਸ ਨਾਲ ਕਿ ਇਹ ਵਧੀਆ ਲੱਗੇ?'' ਪਤਰਸ ਨੇ ਕਿਹਾ ਕਿ ਜਦ ਅਸੀਂ ਇਸ ਹਕੀਕਤ ਉੱਤੇ ਵਿਚਾਰ ਕਰਦੇ ਹਾਂ ਕਿ ਰਾਜਾ ਆ ਰਿਹਾ ਹੈ ਤਾਂ ਇਹ ਸਵਾਲ ਸਾਡੇ ਮਨ ਵਿਚ ਸਭ ਤੋਂ ਉੱਪਰ ਹੋਣਾ ਚਾਹੀਦਾ ਹੈ ਕਿ ''ਪਵਿੱਤਰ ਚਾਲ ਚਲਣ ਅਤੇ ਭਗਤੀ ਵਿਚ ਸਾਨੂੰ ਕਿਹੋ ਜਿਹੇ ਲੋਕ ਹੋਣਾ ਚਾਹੀਦਾ ਹੈ?''

- *ਇਸ ਨਾਲ ਉਨ੍ਹਾਂ ਨੂੰ ਇਹ ਪੱਕਾ ਹੋ ਗਿਆ।* ਉਨ੍ਹਾਂ ਨੂੰ ਇਸ ਗੱਲ ਤੋਂ *ਤਾਕਤ* ਮਿਲੀ ਕਿ ਰਾਜਾ ਵਾਪਸ ਆਵੇਗਾ। ਉਨ੍ਹਾਂ ਦੀਆਂ ਜ਼ਿੰਦਗੀ ਵਿਚ ਭਾਵੇਂ ਜੋ ਵੀ ਹੋ ਜਾਵੇ, ਉਨ੍ਹਾਂ ਨੂੰ ਪਤਾ ਸੀ ਕਿ ਰਾਜਾ ਆਵੇਗਾ ਅਤੇ ਉਨ੍ਹਾਂ ਨੂੰ ਛੁਡਾ ਲਵੇਗਾ। ਯੂਹੰਨਾ ਵਾਂਗ ਹੀ ਉਹ ਵੀ ਦੁਆ ਕਰਦੇ ਸਨ ਕਿ ''ਹੇ ਪ੍ਰਭੂ ਯਿਸੂ ਆ!'' ਉਹ ਇਕ ਸ਼ਬਦ ''ਮਾਰਾਨਾਥਾ'' (1 ਕੁਰਿੰਥੀਆਂ 16:22ਅ), ਵੀ ਪੜ੍ਹਦੇ ਸਨ ਜੋ ਅਰਾਮੀ ਭਾਸ਼ਾ ਦਾ ਸ਼ਬਦ ਹੈ ਅਤੇ ਉਸ ਦਾ ਮੂਲ ਅਰਥ ਹੈ ''ਆ, ਹੇ ਪ੍ਰਭੂ!'' ਇਹ ਵਿਸ਼ਵਾਸ ਵਿਖਾਉਣ ਦਾ ਇਕ ਤਰੀਕਾ ਸੀ ਕਿ ਉਹ ਆਵੇਗਾ ਅਤੇ ਇਹ ਦੁਆ ਸੀ ਕਿ ਉਹ ਛੇਤੀ ਆਵੇਗਾ। ਪਤਰਸ ਦੇ ਸ਼ਬਦਾਂ ਦੀ ਵਰਤੋਂ ਕਰੀਏ ਤਾਂ ਉਹ ''ਪਰਮੇਸ਼ੁਰ ਦੇ ਉਸ ਦਿਨ ਨੂੰ ਉਡੀਕਦੇ'' ਸਨ ਕਿ ਉਹ ਛੇਤੀ ਆ ਜਾਵੇਗਾ (2 ਪਤਰਸ 3:12)। ਮੇਸੀਲੋਨ ਦੇ ਅਨੁਸਾਰ, ''ਪ੍ਰਭੂ ਦੇ ਆਉਣ ਲਈ ਹੋਕਾ ਨਾ ਭਰਨਾ ਬੇਦੀਨ ਹੋਣ ਦੀ ਇਕ ਕਿਸਮ ਹੋਣੀ ਸੀ।''[17]
- ਇਸ ਨਾਲ ਉਨ੍ਹਾਂ ਨੂੰ *ਤਸੱਲੀ* ਮਿਲਦੀ ਸੀ। ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਨੂੰ ਇਹ ਯਕੀਨ ਦੁਆਉਂਦਿਆਂ ਕਿ ਰਾਜਾ ਸਚਮੁਚ ਵਾਪਸ ਆ ਰਿਹਾ ਹੈ, ਲਿਖਿਆ, ''ਸੋ ਤੁਸੀਂ ਇਨ੍ਹਾਂ ਗੱਲਾਂ ਨਾਲ ਇਕ ਦੂਏ ਨੂੰ ਤਸੱਲੀ ਦਿਓ'' (1 ਥੱਸਲੁਨੀਕੀਆਂ 4:18)। ਬੇਸ਼ੱਕ ਉਹ ਆਪਣੇ ਵਿਸ਼ਵਾਸ ਦੀ ਖ਼ਾਤਰ ਮਰ ਜਾਣ, ਪਰ ਰਾਜੇ ਨੇ ਆ ਕੇ ਉਨ੍ਹਾਂ ਨੂੰ ਜ਼ਿੰਦਾ ਕਰ ਦੇਣਾ ਸੀ ਅਤੇ ਉਨ੍ਹਾਂ ਨੇ ਹਮੇਸ਼ਾ ਤਕ ਉਸ ਦੇ ਨਾਲ ਰਹਿਣ ਲਈ ਜਾਣਾ ਸੀ!

**ਉਮੀਦ ਠੰਡੀ ਪਈ**

ਦੂਜੀ ਆਮਦ ਬਾਰੇ ਬਾਈਬਲ ਦੀ ਆਖ਼ਰੀ ਆਇਤ ਉੱਨੀ ਸੌ ਤੋਂ ਵੀ ਵੱਧ ਸਾਲ ਲਿਖੀ ਗਈ ਸੀ। ਸਦੀਆਂ ਬੀਤ ਗਈਆਂ ਹਨ ਅਤੇ ਰਾਜਾ ਅਜੇ ਤਕ ਨਹੀਂ ਆਇਆ ਹੈ। ਅਸੀਂ ਦੁਨਿਆਵੀ ਸੋਚ ਵਾਲੇ ਲੋਕ ਬਣ ਗਏ ਹਾਂ। ਕਿਉਂਕਿ ਸਾਡੀਆਂ ਅੱਖਾਂ ਸੁਰਗ ਵੱਲ ਨਹੀਂ ਲੱਗੀਆਂ ਹਨ। ਦੂਜੀ ਆਮਦ ਦੀ ਸਿਰਫ਼ ਇੱਕੋ ਹੀ ਸਿੱਖਿਆ ਦਾ ਪ੍ਰਚਾਰ ਹੋ ਰਿਹਾ ਹੈ ਅਤੇ ਉਹ ਉਨ੍ਹਾਂ ਭਾਵੁਕ ਕਰਨ ਵਾਲੇ ਲੋਕਾਂ ਦੀ ਹੈ ਜਿਹੜੇ ਲੋਕਾਂ ਨੂੰ ਆਪਣੀਆਂ ਬਣਾਈਆਂ ਕਹਾਣੀਆਂ ਨਾਲ ਉਕਸਾਉਂਦੇ ਹੋਏ ਜਿਸ ਨੂੰ ਉਹ ਰੈਪਚਰ (ਕਲੇਸ਼) ਸਤਾਅ ਅਤੇ ਧਰਤੀ ਉੱਤੇ ਮਸੀਹ ਦੇ ਰਾਜ ਦੀਆਂ ਗੱਲਾਂ ਕਰਦੇ ਹਨ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਸ ਸੰਸਾਰ ਤੇ ਧਿਆਨ ਲਾਉਣ ਵਾਲੇ ਹੋ ਗਏ ਹਨ ਕਿਉਂਕਿ ਅਸੀਂ ਇਸੇ ਜ਼ਿੰਦਗੀ ਨਾਲ ਸਮਝੌਤਾ ਕਰ ਲਿਆ ਹੈ। ਰਾਜੇ ਦੇ ਵਾਪਸ ਆਉਣ ਦੀ ਸਚਿਆਈ ਦੇ ਸਾਡੇ ਦਿਲਾਂ ਵਿੱਚੋਂ ਧੁੰਦਲਾ ਹੋ ਜਾਣ ਕਰਕੇ, ਸਾਡੇ ਉੱਤੇ ਇਸ ਦਾ ਅਸਰ ਉਵੇਂ ਨਹੀਂ ਰਿਹਾ ਜਿਵੇਂ ਸ਼ੁਰੂਆਤੀ ਸਦੀਆਂ ਦੀ ਕਲੀਸੀਆ ਵਿਚ ਮਸੀਹੀ ਲੋਕਾਂ ਉੱਤੇ ਸੀ!

- ਅਸੀਂ ਇਸ ਦੇ ਰਾਹੀਂ *ਬਦਲੇ* ਨਹੀਂ ਹਾਂ। ਆਪਣੇ ਆਲੇ ਦੁਆਲੇ ਦੇ ਗੈਰ ਮਸੀਹੀ ਲੋਕਾਂ ਵਾਂਗ, ਸਾਡੇ ਵਿਚਾਰ *ਇਸੇ* ਜ਼ਿੰਦਗੀ ਦੀਆਂ ਗੱਲਾਂ ਨਾਲ ਭਰੇ ਹਨ।
- ਸਾਨੂੰ ਇਸ ਨਾਲ *ਚੁਣੌਤੀ* ਨਹੀਂ ਮਿਲੀ ਹੈ। ਬਹੁਤ ਸਾਰੇ ਲੋਕ *ਹਰ* ਵਕਤ ਤਿਆਰ ਰਹਿਣ ਦੀ ਲੋੜ ਨੂੰ ਭੁੱਲ ਬੈਠੇ ਹਨ।

- ਦੁਨਿਆਵੀ ਗੱਲਾਂ ਤੇ ਸਾਡਾ ਧਿਆਨ ਲੱਗਣ ਕਰਕੇ ਸਾਡੇ ਵਿਚ ਮਜ਼ਬੂਤੀ ਭਾਵ ਉਹ ਤਾਕਤ ਨਹੀਂ ਹੈ ਜਿਹੜੀ ਇਸ ਸਚਿਆਈ ਨਾਲ ਮਿਲ ਸਕਦੀ ਹੈ। ਅਸੀਂ ਉਸ ਜ਼ਿੰਦਗੀ ਦੀਆਂ ਦੁਨਿਆਵੀ ਗੱਲਾਂ ਵਿਚ ਉਲਝ ਗਏ ਹਾਂ।
- ਸਾਡੇ ਵਿਚ ਉਹ *ਸ਼ਾਂਤੀ* ਨਹੀਂ ਹੈ ਜਿਹੜੀ ਮੁੱਢਲੇ ਮਸੀਹੀ ਲੋਕਾਂ ਨੇ ਇਸ ਵਿਸ਼ਵਾਸ ਨਾਲ ਪਾਈ ਕਿ ''ਰਾਜਾ ਆ ਰਿਹਾ ਹੈ!'' ਸਾਨੂੰ ਇਸ ਸ਼ਾਂਤੀ ਦੀ *ਲੋੜ* ਹੈ। ਜਦ ਅਸੀਂ ਪਰੇਸ਼ਾਨ ਹੁੰਦੇ ਹਾਂ, ਜਦ ਲਗਦਾ ਹੈ ਕਿ ਸ਼ੰਸਾਰ ਜੰਗ ਜਿੱਤ ਰਿਹਾ ਹੈ, ਜਦ ਲਗਦਾ ਹੈ ਕਿ ਬੁਰਿਆਈ ਦੀ ਜਿੱਤ ਹੋ ਰਹੀ ਹੈ। ਜਦ ਕਲੀਸੀਆਵਾਂ ਅਤੇ ਕਲੀਸੀਆ ਦੇ ਲੋਕਾਂ ਤਕ ਸਾਨੂੰ ਨਿਰਾਸ਼ ਕਰਦੇ ਹਨ, ਤਾਂ ਸਾਨੂੰ ਅਹਿਸਾਸ ਹੈ ਕਿ ''ਰਾਜਾ ਆ ਰਿਹਾ ਹੈ! ਅਖ਼ੀਰ ਵਿਚ ਸਭ ਠੀਕ ਹੋ ਜਾਵੇਗਾ!'' ਕਿੰਨੀ ਸ਼ਾਂਤੀ ਮਿਲਦੀ ਹੈ।

ਕਿਸੇ ਨੇ ਕਿਹਾ ਹੈ ਕਿ ਨਵੇਂ ਨੇਮ ਦੀ ਮਸੀਹੀਅਤ ਦੀ ਬਹਾਲੀ ਦਾ ਕੰਮ ਉਦੋਂ ਤਕ ਪੂਰਾ ਨਹੀਂ ਹੋਵੇਗਾ ਜਦੋਂ ਤਕ ਅਸੀਂ ਪ੍ਰਭੂ ਦੇ ਵਾਪਸ ਆਉਣ ਬਾਰੇ ਨਵੇਂ ਨੇਮ ਦੇ ਮਸੀਹੀ ਲੋਕਾਂ ਦੇ ਜੋਸ਼ ਨੂੰ ਬਹਾਲ ਨਹੀਂ ਕਰ ਦਿੰਦੇ। ਸਾਨੂੰ ਕੀ ਕਰਨਾ ਚਾਹੀਦਾ ਹੈ? ਅਸੀਂ ਦੂਜੀ ਆਮਦ ਤੇ ਹੋਰ ਸਿੱਖਿਆ ਅਤੇ ਪ੍ਰਚਾਰ ਦਾ ਕੰਮ ਕਰ ਸਕਦੇ ਹਾਂ। ਇਸ ਵਿਸ਼ੇ ਤੇ ਕਈ ਵਧੀਆ ਗੀਤ ਹਨ![18] ਅਸੀਂ ਉਨ੍ਹਾਂ ਨੂੰ ਗਾ ਸਕਦੇ ਹਾਂ। ਪਰ ਮਸੀਹੀ ਲੋਕਾਂ ਦੇ ਰੂਪ ਵਿਚ ਸਾਡੀ ਸਭ ਤੋਂ ਵੱਡੀ ਲੋੜ ਸਾਡੇ ਸਾਰਿਆਂ ਲਈ ਇਹ ਹੈ ਕਿ ਇਸ ਸੱਚਾਈ ਨੂੰ ਆਪਣੇ ਮਨਾਂ ਵਿਚ ਐਨੀ ਗਹਿਰਾਈ ਨਾਲ ਵਸਾ ਲਈਏ ਕਿ ਭਾਵੇਂ ਜੋ ਵੀ ਹੋ ਜਾਵੇ, ਅਸੀਂ ਇਸ ਜ਼ਿੰਦਗੀ ਨੂੰ ਇਸੇ ਨਜ਼ਰੀਏ ਨਾਲ ਵੇਖਾਂਗੇ ਕਿ ''ਰਾਜਾ ਆ ਰਿਹਾ ਹੈ! ਉਹ ਅਗਲੇ ਪੰਜਾਂ ਮਿੰਟਾਂ ਵਿਚ ਵੀ ਆ ਸਕਦਾ ਹੈ ਅਤੇ ਨਹੀਂ ਵੀ, ਪਰ ਉਹ ਆ ਸਕਦਾ ਹੈ। ਰਾਜਾ ਆ ਰਿਹਾ ਹੈ–ਅਤੇ ਉਹ ਸਭ ਕੁਝ ਬਦਲ ਦਿੰਦਾ ਹੈ!''

## ਸਾਰ

ਜੇ ਰਾਜਾ ਹੁਣੇ ਆ ਜਾਵੇ, ਤਾਂ ਤੁਹਾਡੀ ਪ੍ਰਤੀਕਿਰਿਆ ਕੀ ਹੋਵੇਗੀ? ਜੇ ਅਚਾਨਕ ਨਰਸਿੰਗਿਆਂ ਦੀ ਅਵਾਜ਼ ਸੁਣਾਈ ਦੇਵੇ ਅਤੇ ਇਸ ਬਿਲਡਿੰਗ ਦੀ ਛੱਤ ਵਿਚਕਾਰੋਂ ਪਾਟ ਜਾਵੇ? ਜੇ ਉੱਪਰ ਨਜ਼ਰ ਮਾਰਨ ਤੇ ਯਿਸੂ ਅਤੇ ਉਸਦੇ ਫ਼ਰਿਸ਼ਤਿਆਂ ਦਾ ਜਲਾਲ ਨਜ਼ਰ ਆਵੇ? ਜੇ ਇੱਥੇ ਅਤੇ ਇਸ ਸਭਾ ਦੇ ਲੋਕ ਹਵਾ ਵਿਚ ਉੱਠਣ ਲੱਗਣ? (ਵੇਖੋ 1 ਥੱਸਲੁਨੀਕੀਆਂ 4:16, 17.) ਭਲਾ ਤੁਸੀਂ ਉਸ ਨੂੰ ਵਾਪਸ ਆਉਂਦਿਆਂ ਵੇਖ ਕੇ ਰੋਮਾਂਚਤ ਹੋ ਜਾਵੋਗੇ ਜਾਂ ਭੈਭੀਤ? ਭਲਾ ਤੁਸੀਂ ਯੂਹੰਨਾ ਨਾਲ ਸੱਚੇ ਦਿਲੋਂ ਕਹਿ ਸਕਦੇ ਹੋ ਕਿ ''ਆਮੀਨ। ਹੇ ਪ੍ਰਭੂ ਯਿਸੂ, ਆਓ'' (ਪ੍ਰਕਾਸ਼ ਦੀ ਪੋਥੀ 22:20ਅ)? ਰਾਜਾ ਆ ਰਿਹਾ ਹੈ! ਤੁਸੀਂ ਯਕੀਨ ਕਰ ਸਕਦੇ ਹੋ ਕਿ ਉਹ ਆ ਰਿਹਾ ਹੈ! ਜੇ ਤੁਸੀਂ ਉਸ ਦੀ ਵਾਪਸੀ ਲਈ ਤਿਆਰ ਨਹੀਂ ਹੋ ਤਾਂ ਮੇਰੀ ਦੁਆ ਹੈ ਕਿ ਅੱਜ ਹੀ ਤਿਆਰ ਹੋ ਜਾਵੋ।[19]

## ਨੋਟਸ

ਮੈਂ ਪੁਲਪਿਟ ਤੇ ਪ੍ਰਚਾਰ ਕਰਨਾ ਸ਼ੁਰੂ ਕਰਨ ਦੇ ਦਿਨ ਤੋਂ ਹੀ ਦੂਜੀ ਆਮਦ ਤੇ ਪ੍ਰਚਾਰ ਕੀਤਾ ਹੈ। ਇਸ ਮਹਾਨ ਵਿਸ਼ੇ ਤੇ ਮੇਰੇ ਤੋਂ ਪਹਿਲਾਂ ਲਿਖਣ ਅਤੇ ਪ੍ਰਚਾਰ ਕਰਨ ਵਾਲਿਆਂ ਦਾ ਮੈਂ ਰਿਣੀ ਹਾਂ। ''ਰਾਜਾ ਆ ਰਿਹਾ ਹੈ!'' ਨਾਮਕ ਸਰਮਨ ਵਿਚ ਕਈ ਵਸੀਲਿਆਂ ਤੋਂ ਲਿਆ ਗਿਆ ਹੈ ਪਰ ਸਿਰਲੇਖ ਅਤੇ ਆਮ ਤਰੀਕਾ ਅਬਿਲੇਨ ਕ੍ਰਿਸਚਿਅਨ ਯੂਨੀਵਰਸਿਟੀ ਲੈਕਚਰਜ਼ (1980), 103–15 ਵਿਚ ਲੈਂਡਨ ਬੀ. ਸੈਂਡਰਸ ਤੋਂ ਲਿਆ ਗਿਆ।

ਇਸ ਵਿਸ਼ੇ ਤੇ ਹੋ ਸਕਦਾ ਹੈ ਕਿ ਅਸੀਂ ਓਨਾ ਪ੍ਰਚਾਰ ਨਾ ਕਰ ਸਕੀਏ ਜਿੰਨਾਂ ਕਰਨਾ ਚਾਹੀਦਾ ਹੈ, ਪਰ ਭਜਨਾਂ ਦੀਆਂ ਬਹੁਤੀਆਂ ਕਿਤਾਬਾਂ ਜਿਹੜੀਆਂ ਅਸੀਂ ਵਰਤਦੇ ਹਾਂ, ਇਸ ਵਿਸ਼ੇ ਤੇ ਗੀਤਾਂ ਨਾਲ ਭਰੀਆਂ ਹਨ। ਸੌਂਗ ਲੀਡਰ੍ਹ ਇਸ ਵਿਸ਼ੇ ਤੇ ਗੀਤ ਚੁਣਨ ਲਈ ਕਿਹਾ ਜਾ ਸਕਦਾ ਹੈ।

---

ਟਿੱਪਣੀਆਂ

[1]ਇਹ ਬਾਈਬਲ ਦੀ ਆਮ ਵਰਤੀ ਜਾਣ ਵਾਲੀ ਵੰਡ ''ਮਸੀਹ ਆ ਰਿਹਾ ਹੈ''; ''ਮਸੀਹ ਇੱਥੇ ਹੈ''; ''ਮਸੀਹ ਫੇਰ ਆ ਰਿਹਾ ਹੈ'' ਤੋਂ ਲਿਆ ਗਿਆ ਹੈ। [2]ਵਿਲੀਅਮ ਐਸ. ਬੈਨੋਵਸਕੀ, *ਸਰਮਨਜ਼ ਆਫ਼ ਵਿਲੀਅਮ ਐਸ. ਬੈਨੋਵਸਕੀ,* ਗ੍ਰੇਟ ਪ੍ਰੀਚਰਜ਼ ਆਫ਼ ਟੁਡੇ ਸੀਰੀਜ਼, ਜਿਲਦ 11, ਸੰਪਾ. ਜੇ. ਡੀ. ਥੌਮਸ (ਅਬੀਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈੱਸ, 1965), 211. ਮਸੀਹ ਨਾਲ ਸਬੰਧਤ ਪੁਰਾਣੇ ਨੇਮ ਦੀਆਂ ਨਬੂਵਤਾਂ ਦੀ ਸਹੀ ਸਹੀ ਗਿਣਤੀ ਦਾ ਅੰਦਾਜ਼ਾ ਵੱਖੋ ਵੱਖ ਲੇਖਕਾਂ ਰਾਹੀ ਵੱਖੋ ਵੱਖ ਲਾਇਆ ਜਾਂਦਾ ਹੈ। ਸਹੀ ਸਹੀ ਗਿਣਤੀ ਦੀ ਅਹਿਮੀਅਤ ਨਹੀਂ ਹੈ। [3]ਜ਼ਬੂਰਾਂ ਦੀ ਪੋਥੀ 2:2 ''ਸ਼ਾਹੀ ਜ਼ਬੂਰ'' ਹੈ। ਜਿਸ ਨੂੰ ਇਸਰਾਏਲ ਦੇ ਦੁਨਿਆਵੀ ਰਾਜਿਆਂ ਲਈ ਵਰਤਿਆ ਜਾਂਦਾ ਹੈ, ਪਰ ਜ਼ਿਆਦਾਤਰ ਯਹੂਦੀ ਲੋਕ ਇਸ ਗੱਲ ਨੂੰ ਸਮਝਦੇ ਸਨ ਕਿ ਇਹ ਜ਼ਬੂਰ ਉਦੋਂ ਤਕ ਪੂਰੀ ਤਰ੍ਹਾਂ ਨਾਲ ਪੂਰਾ ਨਹੀਂ ਹੋਵੇਗਾ ਜਦ ਤਕ ਮਸੀਹ ਨਹੀਂ ਆ ਜਾਂਦਾ। ਨਵੇਂ ਨੇਮ ਦੇ ਬੁਲਾਰਿਆਂ ਅਤੇ ਲੇਖਕਾਂ ਨੇ ਇਸ ਜ਼ਬੂਰ ਦੇ ਕੁਝ ਹਿੱਸਿਆਂ ਨੂੰ ਯਿਸੂ ਤੇ ਲਾਗੂ ਕੀਤਾ (ਰਸੂਲਾਂ ਦੇ ਕੰਮ 13:33; ਇਬਰਾਨੀਆਂ 1:5; 5:5; ਪ੍ਰਕਾਸ਼ ਦੀ ਪੋਥੀ 12:5)। [4]ਉਦਾਹਰਣ ਲਈ, ਯਾਜਕਾਂ ਨੂੰ ਉਨ੍ਹਾਂ ਦੀ ਨਿਯੁਕਤੀ ਦੇ ਇਕ ਭਾਗ ਦੇ ਰੂਪ ਵਿਚ ਤੇਲ ਨਾਲ ਮਸਹ ਕੀਤਾ ਜਾਂਦਾ ਸੀ ਅਤੇ ਨਬੀਆਂ ਨੂੰ ਵੀ ਕਈ ਵਾਰ ਤੇਲ ਨਾਲ ਮਸਹ ਕੀਤਾ ਜਾਂਦਾ ਸੀ। [5]ਲੈਂਡਨ ਟੀ. ਸੌਂਡਰਸ, ''ਦ ਕਿੰਗ ਇਜ਼ ਕਮਿੰਗ!'' ਅਬਿਲੇਨ ਕ੍ਰਿਸਚਿਅਨ ਯੂਨੀਵਰਸਿਟੀ ਲੈਕਚਰਜ਼ (1980), 104. [6]ਖ਼ੁਦਾ ਦੇ ਤਰੀਕੇ ਸਾਡੇ ਤਰੀਕੇ ਨਹੀਂ ਹਨ (ਯਸਾਯਾਹ 55:8, 9)। [7]ਇਸ ਨਾਲ ਜੁੜੇ ਕਈ ਹਵਾਲੇ ਦਿੱਤੇ ਜਾ ਸਕਦੇ ਹਨ। ਉਦਾਹਰਣ ਲਈ ਵੇਖੋ, ਮੱਤੀ 16:27; 26:64. [8]ਬੇਨੋਵਸਕੀ, 211. [9]ਹਜ਼ਾਰ ਵਰ੍ਹੇ ਦੇ ਰਾਜ ਦੀ ਸਿੱਖਿਆ ਦੇਣ ਵਾਲੇ (ਪ੍ਰੀਮਿਲੇਨਿਅਲਿਸਟਾਂ) ਰਾਹੀਂ ਇਸ ਆਇਤ ਦੀ ਵਰਤੋਂ ''ਰੈਪਚਰ'' ਦੇ ਨਾਂਅ ਨਾਲ ਮਸ਼ਹੂਰ ਮਨੁੱਖਾਂ ਦੀ ਸਿੱਖਿਆ ਦੇਣ ਲਈ ਕੀਤੀ ਜਾਂਦੀ ਹੈ। ਉਹ ਇਹ ਕਹਿੰਦੇ ਹੋਏ ਕਿ ਧਰਮੀ ਲੋਕ ਅਧਰਮੀਆਂ ਤੋਂ ''ਪਹਿਲਾਂ'' ਜੀ ਉੱਠਣਗੇ, ਜੋ (ਉਨ੍ਹਾਂ ਦੀ ਸਿੱਖਿਆ ਦੇ ਮੁਤਾਬਕ) ਉਸ ਦੇ ਬਾਅਦ ਸੱਤ ਸਾਲ ਤਕ ਜ਼ਿੰਦਾ ਨਹੀਂ ਕੀਤੇ ਜਾਣਗੇ, ''ਪਹਿਲਾਂ'' ਸ਼ਬਦ ਤੇ ਜ਼ੋਰ ਦਿੰਦੇ ਹਨ। ਇਸ ਆਇਤ ਵਿਚ ''ਪਹਿਲਾਂ'' ਜੀ ਉੱਠਣਗੇ ਅਤੇ *ਫੇਰ* ਜੋ ''ਮਸੀਹ ਵਿਚ'' ਜ਼ਿੰਦਾ ਹਨ, ਬੱਦਲਾਂ ਵਿਚ ਪ੍ਰਭੂ ਨੂੰ ਮਿਲਣ ਲਈ ਜ਼ਿੰਦਾ ਕੀਤੇ ਜਾਣਗੇ। ਬਾਈਬਲ ਦੱਸਦੀ ਹੈ ਕਿ *ਸਭ* ਮੁਰਦੇ ਭਾਵੇਂ ਉਹ ਭੈੜੇ ਹੋਣ ਜਾਂ ਚੰਗੇ, ਇੱਕੋ ਹੀ ਵਕਤ ਜ਼ਿੰਦਾ ਕੀਤੇ ਜਾਣਗੇ। (ਯੂਹੰਨਾ 5:28, 29)। [10]ਕੁਝ ਲੋਕ ਇਹ ਨਹੀਂ ਮੰਨਦੇ ਕਿ ਇਹ ਆਇਤ ਦੂਜੀ ਆਮਦ ਨਾਲ ਸਬੰਧਿਤ ਹੈ ਬਲਕਿ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਦੌਰਾਨ ਦੁਸ਼ਟ ਲੋਕਾਂ ਉੱਤੇ ਆਉਣ ਵਾਲਾ ਥੋੜ੍ਹੀ ਦੇਰ ਦਾ ਨਿਆਂ ਹੈ। ਪਰ ਪ੍ਰਕਾਸ਼ ਦੀ ਪੋਥੀ ਦੀ ਕਿਤਾਬ ਵਿਚ, ਵਿਚਾਰ ਅਧੀਨ ਵਿਸ਼ਾ ਦੂਜੀ ਆਮਦ ਦਾ ਲਗਦਾ ਹੈ।

[11]ਬੇਨੋਵਸਕੀ, 213–14. [12]ਉਹੀ, 213. [13]ਕਈਆਂ ਨੇ ਮਸੀਹ ਦੀ ਵਾਪਸੀ ਦਾ ਸਮਾਂ ਤੈਅ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਜਦ ਉਹ ਉਨ੍ਹਾਂ ਦੀ ਨਬੂਵਤ ਦੇ ਮੁਤਾਬਿਕ ਨਹੀਂ ਆਇਆ, ਤਾਂ ਕੁਝ ਲੋਕਾਂ ਨੇ ਆਪਣੇ ਕਿਆਫ਼ੇ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ''ਉਹ ਆਇਆ ਤਾਂ ਸੀ, ਪਰ ਅਦਿੱਖ ਰੂਪ ਵਿਚ, ਕੁਝ ਚੁਣੇ ਹੋਏ ਲੋਕਾਂ ਲਈ, ਅਤੇ ਉਸ ਨੇ ਫ਼ੈਸਲਾ ਲਿਆ ਕਿ ਸਮਾਂ ਅਜੇ ਸਹੀ ਨਹੀਂ ਹੈ। ਸੋ ਬਾਅਦ ਵਿਚ ਫੇਰ ਆਵੇਗਾ।'' ਬਾਈਬਲ ਦੱਸਦੀ ਹੈ ਕਿ ਜਦ ਮਸੀਹੀ ਆਵੇਗਾ ਤਾਂ ''*ਹਰੇਕ ਅੱਖ* ਉਸ ਨੂੰ ਵੇਖੇਗੀ'' (ਪ੍ਰਕਾਸ਼ ਦੀ ਪੋਥੀ 1:7)। [14]ਉਸ ਦੇ ਆਉਣ ਦਾ ਸਮਾਂ ਠਹਿਰਾਉਣ ਦੀ ਕੋਸ਼ਿਸ਼ ਕਰਨ ਵਾਲੇ ਲੋਕ ਜ਼ਾਹਿਰ ਹੈ ਕਿ ਨਵੇਂ ਨੇਮ ਦੀ ਸਿੱਖਿਆ ਉੱਤੇ ਘੱਟ ਧਿਆਨ ਦਿੰਦੇ ਹਨ ਕਿ ਰਾਜਾ ''ਰਾਤ ਨੂੰ ਚੋਰ ਦੇ ਆਉਣ ਵਾਂਗ''

ਆ ਰਿਹਾ ਹੈ (1 ਥੱਸਲੁਨੀਕੀਆਂ 5:2; ਵੇਖੋ ਮੱਤੀ 24:42–44; 1 ਥੱਸਲੁਨੀਕੀਆਂ 5:4; 2 ਪਤਰਸ 3:10; ਪ੍ਰਕਾਸ਼ ਦੀ ਪੋਥੀ 3:3; 16:15)। [15]ਤੁਹਾਨੂੰ ਇੱਥੇ ਦੂਜੀ ਆਮਦ ਦੀਆਂ ਕੁਝ ਸੱਚਾਈਆਂ ਤੇ ਜ਼ੋਰ ਦੇਣ ਦੀ ਲੋੜ ਹੈ। ਉਦਾਹਰਣ ਲਈ, ਇਹ ਧਿਆਨ ਦੁਆਓ ਕਿ ਉਹ ਆਪਣਾ ਰਾਜ ਕਾਇਮ ਕਰਨ ਲਈ *ਨਹੀਂ* ਆ ਰਿਹਾ ਹੈ, ਜਿਵੇਂ ਕਿ ਹਜ਼ਾਰ ਵਰ੍ਹੇ ਦੇ ਰਾਜ ਦੀ ਸਿੱਖਿਆ ਦੇਣ ਵਾਲੇ ਦਸਦੇ ਹਨ। ਰਾਜ/ਕਲੀਸੀਆ ਤਾਂ ਪਹਿਲਾਂ ਹੀ ਕਾਇਮ ਹੋ ਚੁੱਕਾ ਹੈ। [16]ਜਿੱਥੇ ਤੁਸੀਂ ਰਹਿੰਦੇ ਹੋ ਉੱਥੋਂ ਦੀ ਕਿਸੇ ਹਸਤੀ ਦਾ ਨਾਂਅ ਲਾ ਲਵੋ। [17]ਬੈਨੋਵਸਕੀ, 214 ਵਿਚ ਦੋਹਰਾਇਆ ਗਿਆ। ਜੀਨ ਬੈਪੋਟਿਸਟੇ ਮੇਸੀਲੋਨ ਨੂੰ ''ਬਿਸ਼ਪ ਆਫ਼ ਕਲੇਰਮੋਂਡ'' ਆਖਿਆ ਜਾਂਦਾ ਸੀ ਕਿ ਉਸ ਨੇ ਫ੍ਰਾਂਸ ਦੇ ਲੂਈਸ ਚੌਥੇ ਦੇ ਦਰਬਾਰੀ ਪ੍ਰਚਾਰ ਦੇ ਰੂਪ ਵਿਚ ਸੇਵਾ ਕੀਤੀ। [18]ਜੇ ਇਸ ਵਿਸ਼ੇ ਵਾਲੇ ਗੀਤ ਤੁਹਾਡੇ ਸੰਕੇਤ ਤੋਂ ਪਹਿਲਾਂ ਵਰਤੇ ਗਏ ਹੋਣ ਤਾਂ ਤੁਸੀਂ ਸੰਖੇਪ ਵਿਚ ਉਨ੍ਹਾਂ ਸ਼ਬਦਾਂ ਨੂੰ ਦੁਹਰਾ ਸਕਦੇ ਹੋ। [19]ਜਦ ਤੁਸੀਂ ਇਸ ਸਰਮਰਨ ਵਿਚ ਆਓ ਤਾਂ ਚਾਹੀਦਾ ਹੈ ਕਿ ਲੋਕਾਂ ਨੂੰ ਦਸ ਦਿਓ ਕਿ ਕੀ ਕਰਨ ਭਾਵ ਉਨ੍ਹਾਂ ਦੀ ਆਪਣੀ ਭਲਾਈ ਨਾਲੋਂ ਯਿਸੂ ਦੀ ਕੁਰਬਾਨੀ ਵਿਚ ਭਰੋਸਾ ਕਰਨਾ ਅਤੇ ਪਿਆਰ ਅਤੇ ਆਗਿਆਕਾਰਿਤਾ ਵਿਚ ਉਸ ਵੱਲ ਵਾਪਸ ਆਉਣਾ ਹੈ (ਮਰਕੁਸ 16:15, 16; ਰਸੂਲਾਂ ਦੇ ਕੰਮ 2:38)। ਬੇਵਿਸ਼ਵਾਸੇ ਮਸੀਹੀ ਲੋਕਾਂ ਨੂੰ ਸਮਾਂ ਰਹਿੰਦਿਆਂ ਘਰ ਵਾਪਸ ਆ ਜਾਣਾ ਚਾਹੀਦਾ ਹੈ (ਰਸੂਲਾਂ ਦੇ ਕੰਮ 8:22; ਯਾਕੂਬ 5:16)।